# ਭਾਈ ਵੀਰ ਸਿੰਘ ਗੁਰਬਾਣੀ ਦੇ ਮਹਾਨ ਵਿਆਖਿਆਕਾਰ : ਡਿਪਟੀ ਸਪੀਕਰ

ਨਵੀਂ ਦਿੱਲੀ-5 ਦਸੰਬਰ : ਭਾਈ ਵੀਰ ਸਿੰਘ ਜੀ ਦੇ 133ਵੇਂ ਜਨਮ-ਦਿਵਸ ਦੇ ਸਮਾਗਮ 'ਚ ਭਾਈ ਵੀਰ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲੋਕ ਸਭਾ ਦੇ ਡਿਪਟੀ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਨੇ ਭਾਈ ਵੀਰ ਸਿੰਘ ਜੀ ਨੂੰ ਗੁਰਬਾਣੀ ਦੇ ਇਕ ਮਹਾਨ ਤੇ ਆਧੁਨਿਕ ਵਿਆਖਿਆਕਾਰ ਵਜੋਂ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਆਖਿਆ ਕਿ ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਨੂੰ ਦੇਸ਼-ਵਿਦੇਸ਼ਾਂ 'ਚ ਪ੍ਰਚਾਰਣ ਤੇ ਪ੍ਰਸਾਰਣ ਦੀ ਲੋੜ ਹੈ ਕਿਉਂਕਿ ਅਜ ਦੇ ਪਦਾਰਥਵਾਦੀ ਯੁਗ ਵਿਚ ਵਧ ਰਹੀ ਅਸ਼ਾਂਤੀ ਤੇ ਮਾਨਸਿਕ ਤਨਾਓ ਅਧਿਆਤਮਕ ਸੇਧ ਰਾਹੀਂ ਹੀ ਦੂਰ ਹੋ ਸਕਦੇ ਹਨ। ਉਨ੍ਹਾਂ ਆਖਿਆ ਕਿ ਭਾਈ ਵੀਰ ਸਿੰਘ ਨੇ ਕੁਦਰਤ 'ਚੋਂ ਕਾਦਰ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਦਾ ਮਿਆਰ ਵਰਡਜ਼ਵਰਥ, ਮਿਲਟਨ ਤੇ ਹੋਰ ਅੰਗਰੇਜ਼ੀ ਕਵੀਆਂ ਤੋਂ ਕਿਧਰੇ ਉਚਾ ਹੈ। ਅਗੇ ਚਲ ਕੇ ਉਨ੍ਹਾਂ ਨੇ ਜ਼ੋਰ ਦਿਤਾ ਕਿ ਅਜ ਜਦੋਂ ਸਿੱਖ ਕੌਮ ਆਪਣੇ ਵਿਰਸੇ ਤੇ ਇਤਿਹਾਸ ਤੋਂ ਦੂਰ ਹੋ ਰਹੀ ਹੈ ਤਾਂ ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਨੂੰ ਇਕਾਗਰਚਿਤ ਹੋ ਕੇ ਪੜ੍ਹਣ ਦੀ ਲੋੜ ਹੈ। ਉਨ੍ਹਾਂ ਨੇ ਪ੍ਰਬੰਧਕਾਂ ਨੂੰ ਸੁਝਾਉ ਦਿਤਾ ਕਿ ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਨੂੰ ਕੇਵਲ ਭਾਰਤੀ ਭਾਸ਼ਾਵਾਂ 'ਚ ਹੀ ਨਹੀਂ ਸਗੋਂ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ 'ਚ ਅਨੁਵਾਦ ਕਰਨ ਦੀ ਲੋੜ ਹੈ।

ਭਾਈ ਵੀਰ ਸਿੰਘ ਜੀ ਦੇ ਰਾਜਧਾਨੀ 'ਚ ਮਨਾਏ ਗਏ ਜਨਮ-ਦਿਵਸ ਸਮਾਗਮ 'ਚ ਦੇਸ਼-ਵਿਦੇਸ਼ਾਂ ਤੋਂ ਭਾਈ ਵੀਰ ਸਿੰਘ ਜੀ ਦੇ ਪ੍ਰਸ਼ੰਸਕ ਤੇ ਨਿਕਟਵਰਤੀ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਸ਼ਾਮਲ ਹੋਏ। ਇਸ ਮੌਕੇ 'ਤੇ ਡਿਪਟੀ ਸਪੀਕਰ ਨੇ ਖਾਲਸਾ ਸਮਾਚਾਰ ਦਾ ਵਿਸ਼ੇਸ਼ ਅੰਕ ਅਤੇ ਸਦਨ ਦੀਆਂ ਹੋਰ ਨਵੀਆਂ ਪ੍ਰਕਾਸ਼ਨਾਵਾਂ ਦਾ ਵਿਮੋਚਨ ਵੀ ਕੀਤਾ ਅਤੇ ਸਕੂਲੀ ਵਿਦਿਆਰਥੀਆਂ ਦੇ ਹੋਏ ਭਾਈ ਵੀਰ ਸਿੰਘ ਲੇਖ ਅਤੇ ਕੁਇਜ਼ ਮੁਕਾਬਲੇ ਦੇ ਜੇਤੂਆਂ ਨੂੰ ਇਨਾਮ ਵੀ ਦਿਤੇ।



ਭਾਈ ਵੀਰ ਸਿੰਘ ਸਾਹਿਤ ਸਦਨ ਦੇ ਕਾਰਜਕਾਰੀ ਪ੍ਰਧਾਨ ਡਾ. ਅਮਰੀਕ ਸਿੰਘ ਦਰਬਾਰ ਸਾਹਿਬ ਦਾ ਮਾਡਲ ਸ. ਚਰਨਜੀਤ ਸਿੰਘ ਅਟਵਾਲ, ਡਿਪਟੀ ਸਪੀਕਰ ਲੋਕ ਸਭਾ ਨੂੰ ਪੇਸ਼ ਕਰਦੇ ਹੋਏ।

ਸ. ਚਰਨਜੀਤ ਸਿੰਘ ਅਟਵਾਲ, ਡਿਪਟੀ ਸਪੀਕਰ ਲੋਕ ਸਭਾ ਖਾਲਸਾ ਸਮਾਚਾਰ ਦੇ ਵਿਸ਼ੇਸ਼ ਅੰਕ ਦਾ ਵਿਮੋਚਨ ਕਰਦੇ ਹੋਏ। ਨਾਲ ਖਲੋਤੇ ਹਨ ਸਦਨ ਦੇ ਜਨਰਲ ਸਕੱਤਰ ਡਾ. ਜਸਵੰਤ ਸਿੰਘ ਨੇਕੀ ਤੇ ਸਰਦਾਰਨੀ ਰਜਿੰਦਰ ਕੌਰ ਬਾਲੀ



ਡਿਪਟੀ ਸਪੀਕਰ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਉਤੇ ਸਕੂਲੀ ਬਚਿਆਂ ਵਿਚ ਕੁਇਜ਼ ਤੇ ਲੇਖ ਮੁਕਾਬਲੇ ਕਰਵਾਉਣ ਲਈ ਪ੍ਰਿੰਸੀਪਲ ਵੀ.ਕੇ. ਸਾਹਨੀ ਤੇ ਉਹਨਾਂ ਦੇ ਸਟਾਫ਼ ਦਾ ਸਨਮਾਨ ਕਰਦੇ ਹੋਏ।

ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਇਤਿਹਾਸਿਕ ਨਿਸ਼ਾਨੀਆਂ ਦੇ ਦਰਸ਼ਨ ਕਰਦੇ ਹੋਏ।